**State Council of Educational Research & Training, Punjab**
Block-E, 6th Floor, Punjab School Education Board Complex
Phase 8, Sector 62, Mohali,160062 Punjab
Phone: 0172-2212221, Fax: 0172-2212793,Website:*www.scertpunjab.ac.in*

**ਵੱਲ**

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਸਕੂਲ ਮੁੱਖੀ, ਪੰਜਾਬ
ਪੰਜਾਬ ।

**ਮੀਮੋ ਨੰ: ਐਸ.ਸੀ.ਈ.ਆਰ.ਟੀ./ਸਸਅ/2017/**2017/11337 to 2017/11359
**ਮਿਤੀ:** 16.10.17

**ਵਿਸ਼ਾ:- ਛੇਵੀਂ ਅਤੇ ਸੱਤਵੀ ਸ਼੍ਰੇਣੀ ਦੇ ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ ਵਿਸ਼ੇ ਦੇ ਮਾਡਲ ਪ੍ਰਸ਼ਨ ਪੱਤਰਾਂ ਸਬੰਧੀ।**

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਛੇਵੀਂ ਅਤੇ ਸੱਤਵੀ ਸ਼੍ਰੇਣੀ ਦੇ ਸ਼੍ਰੇਣੀ ਦੇ ਅੰਗਰੇਜ਼ੀ ਦੇ ਪੇਪਰ ਵਿੱਚ ਚਾਰ basic skills: Listening, Speaking Reading and Writing ਨੂੰ ਮੁਲਾਂਕਣ ਦਾ ਹਿੱਸਾ ਬਣਾਉਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ 'ਚ ਉਕਤ ਚਾਰੇ ਸਕਿੱਲਜ਼ ਵਿਕਸਿਤ ਕੀਤੀਆਂ ਜਾ ਸਕਣ।

2. ਇਸੇ ਤਰ੍ਹਾਂ ਸਮਾਜਿਕ ਵਿਗਿਆਨ ਦੇ ਪ੍ਰਸ਼ਨ ਪੱਤਰ ਵੀਂ ਗਤੀਵਿਧੀ ਅਧਾਰਿਤ ਜਾਂ ਭਿੰਨਤਾਂ ਤੇ ਅਧਾਰਿਤ ਹੋਣਾ ਚਾਹੀਦਾ ਹੈ।

3. ਉਪਰੋਕਤ ਨੁਕਤਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਅੱਠਵੀਂ ਸ਼੍ਰੇਣੀ ਦੀ ਤਰਜ਼ ਤੇ ਛੇਵੀਂ ਅਤੇ ਸੱਤਵੀ ਸ਼੍ਰੇਣੀ ਲਈ ਵੀ ਅਜਿਹੇ ਸੈਂਪਲ ਪ੍ਰਸ਼ਨ ਪੱਤਰ ਤਿਆਰ ਕੀਤੇ ਗਏ ਹਨ, ਜੋ ਕਿ ਗਤੀਵਿਧੀਆਂ ਅਤੇ ਭਿੰਨਤਾਵਾਂ ਤੇ ਅਧਾਰਿਤ ਹਨ ਅਤੇ ਵਿਦਿਆਰਥੀ ਇਹਨਾਂ ਨੂੰ ਸਹਿਜੇ ਹੀ ਹੱਲ ਕਰ ਸਕਦੇ ਹਨ।

-sd-
**ਡਾਇਰੈਕਟਰ**
**ਐਸ.ਸੀ.ਈ.ਆਰ.ਟੀ,ਪੰਜਾਬ**

**ਪਿੱਠ ਅੰਕਣ ਨੰ: ਐਸ.ਸੀ.ਈ.ਆਰ.ਟੀ./ਸਸਅ/2017/** 2017/11360 **ਮਿਤੀ:** 16.10.17

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਐਮ.(ਐਮ.ਆਈ.ਐਸ) ਨੂੰ ਵੈਬ ਸਾਇਟ ਤੇ ਪਾਉਣ ਹਿੱਤ

**ਡਾਇਰੈਕਟਰ** 16/10/17
**ਐਸ.ਸੀ.ਈ.ਆਰ.ਟੀ,ਪੰਜਾਬ**

**ਜਮਾਤ -ਛੇਵੀਂ**

**SA-2 ਸੈਂਪਲ ਪੇਪਰ (ਸਮਾਜਿਕ ਵਿਗਿਆਨ)**

**ਭਾਗ-1**

**ਸਮਾਂ : 3 ਘੰਟੇ** **(ਕੁੱਲ ਅੰਕ 70)**

## ਭੂਗੋਲ (30 ਅੰਕ)

**1) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:** **(8 ਅੰਕ)**

i. ਧਰਤੀ ਦੇ ਪ੍ਰਮੁੱਖ ਭੂ-ਰੂਪਾਂ ਦੇ ਨਾਂ ਲਿਖੋ? (2)
ii. ਭਾਰਤ ਦੇ ਗੁਆਂਢੀ ਦੇਸ਼ਾਂ ਦੇ ਨਾਂ ਲਿਖੋ? (2)
iii. ਉਹਨਾਂ ਤਿੰਨ ਸਾਗਰਾਂ ਦੇ ਨਾਂ ਲਿਖੋ ਜਿਨ੍ਹਾਂ ਨੇ ਭਾਰਤੀ ਪ੍ਰਾਇਦੀਪ ਨੂੰ ਘੇਰਿਆ ਹੈ? (2)
iv. ਭਾਰਤ ਦੀਆਂ ਪ੍ਰਮੁੱਖ ਰੁੱਤਾਂ ਦੇ ਨਾਂ ਲਿਖੋ? (2)

2) ਕੁਦਰਤੀ ਬਨਸਪਤੀ ਦੇ ਲਾਭਾਂ ਦੀ ਜਾਣਕਾਰੀ ਦਿਉ? **(4 ਅੰਕ)**

3) ਜੀਵ ਮੰਡਲ ਦਾ ਪ੍ਰਮੁੱਖ ਪ੍ਰਾਣੀ ਹੋਣ ਕਰਕੇ ਮਨੁੱਖ ਨੂੰ ਕਿੰਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ? **(4 ਅੰਕ)**

**4) ਖਾਲੀ ਥਾਵਾਂ ਭਰੋ:-** **(4 ਅੰਕ)**

I. __________ ਮਹਾਂਦੀਪ ਨੂੰ ਚਿੱਟਾ ਮਹਾਂਦੀਪ ਕਿਹਾ ਜਾਂਦਾ ਹੈ। (1)
II. __________ ਭਾਰਤ ਦਾ ਸਭ ਤੋਂ ਛੋਟਾ ਰਾਜ ਹੈ। (1)
III. __________ ਪਰਿਮੰਡਲ ਨੂੰ ਤਿੰਨੋਂ ਪਰਿਮੰਡਲ ਪ੍ਰਭਾਵਿਤ ਕਰਦੇ ਹਨ। (1)
IV. ਇੰਦਰਾ ਪੁਆਇੰਟ ਭਾਰਤ ਦੇ ਬਿਲਕੁੱਲ __________ਸਿਰੇ ਤੇ ਹੈ। (1)

**5) ਜੋੜੇ ਬਣਾਓ:**

| | |
|---|---|
| 1. ਮਹਾਂਦੀਪ | ਅੰਟਾਰਟਿਕਾ |
| 2. ਮਹਾਂਸਾਗਰ | ਆਰਕਟਿਕ |
| 3. ਅੰਦੇਮਾਨ ਅਤੇ ਨੀਕੋਬਾਰ | ਜੀਵ ਮੰਡਲ |
| 4. ਭੂ ਰੂਪਭਾਰਤੀ | ਦੀਪ ਸਮੂਹ |
| 5. ਜੀਵਨ | ਪਠਾਰ |

**6) ਭਾਰਤ ਦੇ ਨਕਸ਼ੇ ਵਿੱਚ ਹੇਠ ਲਿਖੇ ਸਥਾਨ ਦਰਸਾਉ।(ਕੋਈ 5 ਸਥਾਨ ਭਰੋ)** **(5 ਅੰਕ)**

I. ਜੰਮੂ ਅਤੇ ਕਸ਼ਮੀਰ (1)
II. ਚੰਡੀਗੜ੍ਹ (1)
III. ਲਕਸ਼ਦੀਪ (1)
IV. ਗੋਆ (1)
V. ਕੋਈ ਇੱਕ ਬੰਦਰਗਾਹ ਸ਼ਹਿਰ (1)

## ਇਤਿਹਾਸ (30 ਅੰਕ)

**7) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:**

I. ਪਹਿਲਾ ਮਹਾਨ ਚੋਲ ਸ਼ਾਸ਼ਕ ਕੌਣ ਸੀ? (2)
II. ਰੇਸ਼ਮੀ ਮਾਰਗ ਤੋਂ ਕੀ ਭਾਵ ਹੈ ? (2)
III. ਕਾਲੀਦਾਸ ਕੌਣ ਸੀ? (2)

8) ਗੁਪਤ ਕਾਲ ਨੂੰ ਭਾਰਤ ਦਾ 'ਸੁਨਿਹਰੀ ਯੁੱਗ' ਕਿਉਂ ਕਹਿੰਦੇ ਹਨ ? (4)

9) ਚਾਲੂਕਿਆ ਮੰਦਰਾਂ ਬਾਰੇ ਤੁਸੀਂ ਕੀ ਜਾਣਦੇ ਹੋ? (4)

10) ਖਾਲੀ ਥਾਵਾਂ ਭਰੋ: (4 ਅੰਕ)

I. ਸਾਤਵਾਹਨ ਰਾਜੇ ________ ਧਰਮ ਦੇ ਅਨੁਯਾਈ ਸਨ। (1)

II. ਚੰਦਰ ਗੁਪਤ ਦੂਜੇ ਨੇ __________ ਦੀ ਉਪਾਧੀ ਧਾਰਨ ਕੀਤੀ। (1)

III. ਪੁਸ਼ਿਆਭੂਤੀ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ________ ਸੀ (1)

IV. ਹਿਊਨਸਾਂਗ ਇੱਕ ਪ੍ਰਸਿੱਧ _______ ਯਾਤਰੀ ਸੀ। (1)

**11) ਸਹੀ( $\checkmark$ ) ਜਾਂ ਗਲਤ (X) ਲਿਖੋ** **(4 ਅੰਕ)**

I. ਰਾਜਵਰਧਨ ਹਰਸ਼ਵਰਧਨ ਦਾ ਪਿਤਾ ਸੀ। ☐

II. ਆਰੀਭੱਟ ਇੱਕ ਪ੍ਰਸਿੱਧ ਵਿਗਿਆਨੀ ਸੀ। ☐

III. ਹੁਵਿਸ਼ਕ ਇੱਕ ਪੱਲਵ ਰਾਜਾ ਸੀ । ☐

IV. ਅਸ਼ੋਕ ਨੇ ਕਲਿੰਗ ਦੇ ਯੱਧ ਪਿੱਛੋਂ ਬੁੱਧ ਧਰਮ ਨੂੰ ਅਪਣਾਇਆ। ☐

**12) ਸਹੀ ਉੱਤਰ ਤੇ ( $\checkmark$ ) ਲਗਾਓ:** **(4 ਅੰਕ)**

I. ਹਰਸ਼ਵਰਧਨ ਨੇ __________ ਨੂੰ ਆਪਣੀ ਰਾਜਧਾਨੀ ਬਣਾਇਆ। (1)

**(ੳ)** ਬੰਗਾਲ **(ਅ)** ਗੁਜਰਾਤ **(ੲ)**ਮਗਧ **(ਸ)**ਕਨੌਜ

II. ਚਾਲੂਕਿਆ ਵੰਸ਼ ਦਾ ਸਭ ਤੋਂ ਪ੍ਰਸਿੱਧ ਰਾਜਾ ____________ ਸੀ। (1)

**(ੳ)**ਪੁਲਕੇਸ਼ਨ ਦੂਜਾ**(ਅ)**ਹਰਸ਼ਵਰਧਨ**(ੲ)**ਨਰਸਿੰਘ ਵਰਮਨ**(ਸ)**ਸਿੰਘਵਰਮਨ

III. ਕੁਮਾਰਮਾਤਯ ਮਹੱਤਵਪੂਰਨ ___________ ਸਨ। (1)

ਮੰਤਰੀ**(ਅ)**ਦੂਤ**(ੲ)**ਅਫਸਰ**(ਸ)**ਸੈਨਾਪਤੀ

IV. ਸ਼ਕੁੰਤਲਾ ਨਾਟਕ ________ ਨੇ ਲਿਖਿਆ। (1)

ਕਾਲੀਦਾਸ**(ਅ)**ਸ਼ੂਦਰਕ **(ੲ)**ਕਲਹਣ**(ਸ)**ਦਵਿਡਨ

**(13) ਸਹੀ ਮਿਲਾਣ ਕਰੋ:** **(4 ਅੰਕ)**

| | | |
|---|---|---|
| I. | ਆਰੀਆਵਰੱਤ | ਪੰਜਾਬ |
| II. | ਲੋਹ ਸਤੰਭ | ਲੇਖਕ |
| III. | ਬਾਣਭੱਟ | ਸੰਦੇਸ਼ ਲਿਜਾਣ ਵਾਲਾ |
| IV. | ਦੂਤ | ਦਿੱਲੀ |

**(ਨਾਗਰਿਕ ਸ਼ਾਸਤਰ)** **(10 ਅੰਕ)**

**(14) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:(6 ਅੰਕ)**

I. ਸ਼ਹਿਰੀ ਸਥਾਨਕ ਸੰਸਥਾਵਾਂ ਕਿਹੜੀਆਂ ਕਿਹੜੀਆਂ ਹਨ? (2)

II. ਸਰਵਜਨਕ ਸੰਪਤੀ ਕੀ ਹੈ? (2)

III. ਤੁਸੀਂ ਇਤਿਹਾਸਕ ਸਮਾਰਕਾਂ ਦੀ ਸੁਰੱਖਿਆ ਲਈ ਕੀ ਕਰ ਸਕਦੇ ਹੋ? (2)

**(15)ਖਾਲੀ ਥਾਵਾਂ ਭਰੋ:(2 ਅੰਕ)**

I. ਪੇਂਡੂ ਤੋਂ ਸ਼ਹਿਰੀ ਖੇਤਰ ਵਿੱਚ ਬਦਲਦੇ ਇਲਾਕੇ ਨੂੰ ________ ਕਿਹਾ ਜਾਂਦਾ ਹੈ। **(1)**

II. ਨਗਰ ਨਿਗਮ ਦੇ ਪ੍ਰਧਾਨ ਨੂੰ ______ ਕਿਹਾ ਜਾਂਦਾ ਹੈ। **(1)**

**(16)ਸਹੀ ਜਾਂ ਗਲਤ ਲਿਖੋ** **(2 ਅੰਕ)**

I. ਜ਼ਿਲ੍ਹੇ ਪ੍ਰਬੰਧ ਦਾ ਮੁੱਖ ਸਰਕਾਰੀ ਅਧਿਕਾਰੀ ਡਿਪਟੀ ਕਮਿਸ਼ਨਰ ਨਹੀਂ ਹੈ। **(1)**

II. ਪਾਰਕ ਅਤੇ ਹਸਪਤਾਲ ਸਾਡੀ ਨਿੱਜੀ ਜਾਇਦਾਦ ਹਨ। **(1)**